੧ੴ ਸਤਿਗੁਰ ਪ੍ਰਸਾਦਿ।।

# ਸ੍ਰੀ ਗੁਰੂ ਅਰਜਨ ਦੇਵ ਜੀ




## ਗੁਰੂ ਅਰਜਨ ਦੇਵ ਜੀ ਦੁਆਰਾ ਵਸਾਏ ਪਿੰਡ ਬਿਲਗਾ ਦਾ ਸੰਖੇਪ ਇਤਿਹਾਸ ਅਤੇ ਪਵਿੱਤਰ ਵਸਤਰਾਂ ਦਾ ਵੇਰਵਾ

ਲੇਖਕ : ਗਿਆਨੀ ਮਨੋਹਰ ਸਿੰਘ ਹੈੱਡ ਗ੍ਰੰਥੀ, ਗੁ: ਬਿਲਗਾ (ਜਲੰਧਰ)

# ☬ ਸ਼੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਵਸਾਏ ਪਿੰਡ ਬਿਲਗਾ ਦਾ ਸੰਖੇਪ ਇਤਿਹਾਸ ☬

## ਭੂਗੋਲਿਕ ਪੱਖ


ਬਿਲਗਾ ਪਿੰਡ ਜ਼ਿਲਾ ਜਲੰਧਰ ਦੀ ਜਰਖ਼ੇਜ਼ ਜ਼ਮੀਨ ਅਤੇ ਤਹਿਸੀਲ ਫ਼ਿਲੌਰ ਵਿੱਚ ਵਸਿਆ ਹੋਇਆ ਹੈ। ਨਕੋਦਰ ਤੋਂ ਲੁਧਿਆਣਾ ਜਾਣ ਵਾਲੀ ਸੜਕ ਤੋਂ ਲਗਭਗ ਡੇਢ ਕਿਲੋਮੀਟਰ ਤੇ ਸਥਿਤ ਹੈ। ਲੁਧਿਆਣਾ ਲੋਹੀਆਂ ਰੇਲਵੇ ਲਾਈਨ ਬਿਲਗੇ ਦੀ ਧਰਤੀ ਦੇ ਸੀਨੇ ਉੱਪਰ ਦੀ ਜਾਂਦੀ ਹੈ। ਬਿਲਗੇ ਦਾ ਆਪਣਾ ਰੇਲਵੇ ਸਟੇਸ਼ਨ ਵੀ ਹੈ। ਸਤਲੁਜ ਦਰਿਆ ਤੋਂ ਕੋਈ ਅੱਠ ਕਿਲੋਮੀਟਰ ਦੀ ਵਿੱਥ 'ਤੇ ਹੈ। ਪੂਰਬ ਵੱਲ ਮੁਆਈ ਅਤੇ ਔਜਲਾ, ਪੱਛਮ ਵੱਲ ਗੁਮਟਾਲੀ ਅਤੇ ਗੁਮਟਾਲਾ, ਉੱਤਰ ਵੱਲ ਫ਼ਰਵਾਲਾ ਸ਼ਾਮਪੁਰਾ ਬਹਾਦਰ ਪੁਰਾ ਅਤੇ ਦੱਖਣ ਵਲ ਇਤਿਹਾਸਿਕ ਪਿੰਡ ਪੁਆਦੜਾ ਹੈ। ਦੱਖਣ ਪੱਛਮ ਵੱਲ ਹੀ ਇੱਕ ਹੋਰ ਇਤਿਹਾਸਿਕ ਪਿੰਡ ਤਲਵਣ ਹੈ। ਬਿਲਗੇ ਦਾ ਪਸਾਰ ਇੱਥੇ ਤੱਕ ਕਿਵੇਂ ਹੋਇਆ ? ਇਸ ਦੇ ਪਿੱਛੇ ਵੀ ਇੱਕ ਮਹਾਨ ਘਟਨਾ ਜੁੜੀ ਹੋਈ ਹੈ। ਜੇ ਗਹੁ ਨਾਲ ਵਿਚਾਰਿਆ ਜਾਵੇ ਤਾਂ ਬਿਲਗੇ ਦਾ ਇਤਿਹਾਸ ਹੀ ਘਟਨਾਵਾਂ ਨਾਲ ਭਰਿਆ ਪਿਆ ਹੈ।

## ਇਤਿਹਾਸਕ ਤੱਥ

ਸਾਹਿਬ ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਬਿਲਗੇ ਚਰਨ ਪਾਉਣ ਸਮੇਂ ਇੱਥੇ ਕੇਵਲ ਸੱਤ ਕੁੱਲੀਆਂ ਹੀ ਸਨ । ਪਿੰਡ ਦੇ ਵਸਨੀਕ ਜੱਟ ਸੰਘੇੜਾ ਗੋਤ (ਜਾਤੀ) ਨਾਲ ਸੰਬੰਧਿਤ ਸਨ ਅਤੇ ਖ਼ੇਤੀ ਵਾਹੀ ਦਾ ਕੰਮ ਕਰਦੇ ਸਨ ।

## ਪਿੰਡ ਦੇ ਪਿਛੋਕੜ ਬਾਰੇ

ਰਿਆਸਤ ਜੈਸਲਮੇਲ, ਪਿੰਡ ਨੌਹਰਾਂ ਦੇ ਚੌਧਰੀ ਸਾਹੂ ਰਾਮ ਆਪਣੀ ਧਰਮ ਪਤਨੀ ਕਰਮ ਕੌਰ ਅਤੇ ਬਾਕੀ ਪਰਿਵਾਰ ਸਮੇਤ ਬਿਕ੍ਰਮੀ 1314 ਸੰਨ 1357 ਈ: ਨੂੰ ਬਿਲਗੇ ਵਿੱਚ ਆਏ। ਚੌਧਰੀ ਸਾਹੂ ਰਾਮ ਦੇ ਦੋ ਪੁੱਤਰ ਫੁੱਲ ਅਤੇ ਭਿਖ਼ੀ ਸਨ।




ਨੀਲੋ, ਸਾਹੂ ਰਾਮ ਦਾ ਚਾਚਾ ਸੀ। ਫੁੱਲ ਅਤੇ ਭਿਖ਼ੀ ਦੇ ਦਾਦੇ ਦਾ ਭਰਾ ਹੋਣ ਕਰਕੇ ਨੀਲੋ ਵੀ ਉਹਨਾਂ ਦੇ ਬਾਬਾ ਜੀ ਲੱਗਦੇ ਸਨ। ਨੀਲੋ ਦੀ ਔਲਾਦ ਪਿੰਡ ਸਰੀਂਹ, ਤਲਵੰਡੀ ਸੰਘੇੜਾ, ਤਲਵੰਡੀ ਸਾਦਕਪੁਰ ਅਤੇ ਬਿਲਗੇ ਵਿੱਚ ਹੈ। ਜਿਸ ਦੇ ਨਾਂ ਤੋਂ ਬਿਲਗੇ ਦੀ ਸੱਤਵੀਂ ਪੱਤੀ ਨੀਲੋਵਾਲ ਹੈ। ਇਹ ਪੱਤੀ ਨੀਲੋ ਦੇ ਨਾਂ ਤੇ ਹੈ।

www.BILGA.com

ਇਸ ਤਰ੍ਹਾਂ ਬਿਲਗੇ ਦੀਆਂ ਛੇ ਪੱਤੀਆਂ ਫੁੱਲ ਅਤੇ ਭਿਖ਼ੀ ਦੀ ਔਲਾਦ ਨਾਲ ਸੰਬੰਧਿਤ ਅਤੇ ਸੱਤਵੀਂ ਪੱਤੀ ਪੱਤੀ ਨੀਲੋ ਦੇ ਨਾਂ ਤੇ ਪਈ। ਭਿਖ਼ੀ ਨੇ ਬਿਲਗਾ ਆਬਾਦ ਕੀਤਾ ਅਤੇ ਫੁੱਲ ਨੇ ਫ਼ਿਲੌਰ ਆਬਾਦ ਕੀਤਾ। ਫੁੱਲ ਤੋਂ ਫਿਲੌਰ ਨਾਂ ਪਿਆ। ਫਿਰ ਰਿਆਸਤ ਜੈਸਲਮੇਲ ਵਿੱਚੋਂ ਹੋਰ ਲੋਕ ਆਣ ਕੇ ਰਹਿਣ ਲੱਗ ਪਏ, ਅਤੇ ਆਪਣਾ ਕਾਰੋਬਾਰ ਇੱਥੇ ਹੀ ਸ਼ੁਰੂ ਕਰ ਦਿੱਤਾ ਅਤੇ ਇੱਥੇ ਦੇ ਹੀ ਪੂਰੀ ਤਰ੍ਹਾਂ ਵਸਨੀਕ ਬਣ ਗਏ।

ਫੁੱਲ ਅਤੇ ਭਿਖ਼ੀ ਦੇ ਪਰਿਵਾਰਾਂ ਨੇ ਬਿਲਗੇ ਵਿੱਚ ਖੇਤੀਬਾੜੀ ਦਾ ਕੰਮ ਸ਼ੁਰੂ ਕੀਤਾ। ਉਸ ਵੇਲੇ ਬਿਲਗੇ ਅਤੇ ਤਲਵਣ ਦੀ ਭੋਇੰ ਇਕੱਠੀ ਸੀ।

(ਧੰਨਵਾਦ ਸਹਿਤ ਸਰਦਾਰ ਰਘਵੀਰ ਸਿੰਘ ਪਟਵਾਰੀ)

## ਬਿਲਗਾ ਨਾਂ ਕਿਸ ਤਰਾਂ ਪਿਆ ਅਤੇ ਅੱਗ ਲੱਗਣ ਦਾ ਰਹੱਸ

ਗੁਰੂ ਜੀ ਦੇ ਆਉਣ ਤੋਂ ਪਹਿਲਾਂ ਬਿਲਗੇ ਅਤੇ ਤਲਵਣ ਦੀ ਸਾਰੀ ਭੋਇ ਇਕੋ ਥਾਂ ਸੀ। ਦੋਨਾਂ ਪਿੰਡਾਂ ਵਿੱਚ ਦੋ ਮੁਸਲਮਾਨ ਭਰਾ ਬੇਗਾ ਤੇ ਤੇਗਾ ਰਹਿੰਦੇ ਸਨ। ਕੁੱਝ ਸਮੇਂ ਬਾਅਦ ਦੋਨਾਂ ਪਰਿਵਾਰਾਂ ਦਾ ਜ਼ਮੀਨ ਦੀ ਹੱਦ ਤੋਂ ਝਗੜਾ ਹੋ ਗਿਆ। ਇਸ ਝਗੜੇ ਨੂੰ ਨਿਪਟਾਉਣ ਵਾਸਤੇ ਦੋਨਾਂ ਪਿੰਡਾਂ ਨੇ ਕੁੱਝ ਸਿਆਣੇ ਬੰਦਿਆਂ ਦੀ ਪੰਚਾਇਤ ਬਣਾਈ ਅਤੇ ਫੈਸਲਾ ਇਹ ਹੋਇਆ ਕਿ ਦੋਨੋਂ ਪਿੰਡ ਆਪੋ ਆਪਣੀ ਜ਼ਮੀਨ ਵੰਡ ਲੈਣ। ਨਗਾਰੇ ਦੀ ਚੋਟ ਤੇ ਪਿੰਡ ਬਿਲਗੇ ਦਾ ਚੌਧਰੀ ਅਤੇ ਪਿੰਡ ਤਲਵਣ ਦਾ ਚੌਧਰੀ ਆਪੋ ਆਪਣੇ ਘੋੜੇ ਛੱਡਣਗੇ, ਜਿੱਥੇ ਜਾਕੇ ਘੋੜੇ ਇਕੱਠੇ ਹੋਣਗੇ, ਉੱਥੇ ਬਿਲਗੇ ਅਤੇ ਤਲਵਣ ਦੀ ਹੱਦ ਹੋਵੇਗੀ। ਤਲਵਣ ਦੇ ਚੌਧਰੀ ਰਾਜਪੂਤ ਤੇਗੇ ਨੇ ਚਲਾਕੀ ਕਰਕੇ ਨਿਸ਼ਚਿਤ ਸਮੇਂ ਤੋਂ ਪਹਿਲਾਂ ਹੀ ਘੋੜਾ ਛੱਡ ਦਿੱਤਾ, ਜਿਸ ਦਾ ਨਤੀਜਾ ਇਹ ਹੋਇਆ ਕਿ ਰਾਜਪੂਤ ਜ਼ਿਆਦਾ ਜ਼ਮੀਨ ਵਗਲ ਗਿਆ। ਇਸ ਤਰਾਂ ਬੇਗੇ ਦੀ ਹਿੱਸੇ ਵਾਲੀ ਜ਼ਮੀਨ ਵਿੱਚ ਵਸੇ ਪਿੰਡ ਦਾ ਨਾਂ ਬੇਗੇ ਦੇ ਨਾਂ ਤੋਂ ਬਿਲਗਾ ਪੈ ਗਿਆ ਅਤੇ ਤੇਗੇ ਦੀ ਹਿੱਸੇ ਵਾਲੀ ਜ਼ਮੀਨ ਵਿੱਚ ਵਸੇ ਪਿੰਡ ਦਾ ਨਾਂ ਤੇਗੇ ਦੇ ਨਾਂ ਤੋਂ ਤਲਵਣ ਪੈ ਗਿਆ।

ਤੇਗੇ ਨੇ ਹੇਰਾਫੇਰੀ ਕੀਤੀ, ਪਰ ਬੇਗੇ ਨੂੰ ਇਸ ਗੱਲ ਦਾ ਬਹੁਤ ਦੁੱਖ ਹੋਇਆ। ਬੇਗਾ ਸਾਧੂ ਸੁਭਾਅ ਸੀ ਅਤੇ ਚੁਸਤੀ ਜਾਂ ਚਲਾਕੀ ਉਸ ਕੋਲ ਨਹੀਂ ਸੀ। ਉਸਦਾ ਮਨ, ਬੱਸ ਖੁੱਸ ਚੁੱਕੀ ਜਮੀਨ ਵੱਲ ਸੀ। ਜਦੋਂ ਉਹ ਆਪਣੇ ਨਿਵਾਸ ਸਥਾਨ ਤੇ ਪੁੱਜਾ ਤਾਂ ਉਸ ਦਾ ਮੂੰਹ ਲੱਥਾ ਹੋਇਆ ਸੀ। ਉਸ ਦੀ ਧਰਮ ਪਤਨੀ ਨੇ ਜਦੋਂ ਪੁਛਿਆ ਕਿ ਕਿੰਨੀ ਕੁ ਜ਼ਮੀਨ ਵਗਲ ਆਏ ਹੋ, ਤਾਂ ਉਸ ਦੇ ਫੱਟਾਂ ਤੇ ਲੂਣ ਪੈ ਗਿਆ। ਦੁਖੀ ਮਨ ਵਿਚੋਂ ਸਹਿਜ ਸੁਭਾਅ ਹੀ ਨਿਕਲ ਗਿਆ ਕਿ "ਵਥੇਰੀ ਅੱਗ ਲਾ ਆਇਆ ਹਾਂ"। ਗੁਰੂ ਜੀ ਦਾ ਵਾਕ ਹੈ ਕਿ:

"ਸਾਧੂ ਬੋਲੇ ਸਹਿਜ ਸੁਭਾਇ, ਸਾਧ ਕਾ ਬੋਲਿਆ ਬਿਰਥਾ ਨਾ ਜਾਇ।।"

ਅਚਨਚੇਤ ਮੁੱਖੋਂ ਨਿਕਲੇ ਸ਼ਬਦ ਸੱਚ ਹੋ ਨਿਕਲੇ। ਬੇਗੇ ਦੇ ਨਿਵਾਸ ਨੂੰ ਅੱਗ ਲੱਗ ਗਈ ਤੇ ਸਭ ਕੁੱਝ ਸਵਾਹ ਹੋ ਗਿਆ। ਹਰ ਸਾਲ ਅੱਗ ਲੱਗਣੀ ਸ਼ੁਰੂ ਹੋ ਗਈ, ਜੋ ਕਿ ਅੱਜ ਤੱਕ ਵੀ ਇਹ ਵਾਕ ਸੱਚ ਹੋ ਰਿਹਾ ਹੈ।

ਦੋਵੇਂ ਘੋੜੇ ਜਿਸ ਥਾਂ ਜਾਕੇ ਮਿਲੇ ਉੱਥੇ ਅੱਜ ਬਿਲਗੇ ਤੇ ਤਲਵਣ ਦੀ ਸਰਹੱਦ ਹੈ। ਦੋਹਾਂ ਪਿੰਡਾਂ ਦੀ ਸਰਹੱਦ ਨੂੰ ਆਧੇ ਵਾਲੀ ਖੂਹੀ ਆਖਦੇ ਹਨ। ਹੱਦ ਉਪਰ ਹੀ ਇੱਕ ਛੱਪੜ ਹੈ, ਜਿਸ ਨੂੰ ਆਧੇ ਵਾਲਾ ਛੱਪੜ ਕਹਿੰਦੇ ਹਨ। ਇਹ ਸਥਾਨ ਬਿਲਗਾ-ਤਲਵਣ ਲਿੰਕ ਰੋਡ ਉੱਪਰ ਸਥਿਤ ਹੈ।

## ਪੰਚਮ ਪਾਤਸ਼ਾਹ ਦੀ ਬਿਲਗੇ ਨਗਰ ਵਿਚ ਫੇਰੀ

ਸ੍ਰੀ ਗੁਰੂ ਅਰਜਨ ਦੇਵ ਜੀ ਆਪਣੀ ਸ਼ਾਦੀ ਲਈ ਗੋਇੰਦਵਾਲ ਸਾਹਿਬ ਤੋਂ ਸਾਧੂਆਂ, ਸੰਤਾਂ, ਪੀਰਾਂ, ਫਕੀਰਾਂ ਅਤੇ ਭਗਤਾਂ ਦੀ ਜੰਞ ਲੈ ਕੇ ਮਾਓ ਸਾਹਿਬ ਚਲੇ। ਮਾਓ ਸਾਹਿਬ ਉਸ ਵੇਲੇ ਚੌਦਾਂ ਮੀਲਾਂ ਅਰਥਾਤ ਬਾਈ ਕਿਲੋਮੀਟਰ ਵਿਚ ਪਸਰਿਆ ਘੁੱਗ ਵਸਦਾ ਸ਼ਹਿਰ ਸੀ। ਗੁਰੂ ਸਾਹਿਬ ਸੰਗਤਾਂ ਨੂੰ ਨਿਹਾਲ ਕਰਦੇ ਰਾਹ ਵਿਚ ਪੜ੍ਹਾ ਕਰਦੇ ਉਪਦੇਸ਼ ਦਿੰਦੇ ਹੋਏ ਆਏ। ਬਿਲਗੇ

ਤੋਂ ਪਹਿਲਾਂ ਗੁਰੂ ਸਾਹਿਬ ਆਦੀ ਕੁਲਾਰ, ਪੰਜ ਪੀਰੀ, ਮਾਲੜੀ, ਭੰਗਾਲਾ, ਨੂਰ ਮਹਿਲ ਠਹਿਰੇ। ਜਿੱਥੋਂ ਤੱਕ ਸਾਨੂੰ ਪਤਾ ਲੱਗ ਸਕਿਆ ਹੈ, ਕਿ ਪਿੰਡ ਆਦੀ ਕੁਲਾਰ ਵਾਲਾ ਪੜਾ ਹੈ। ਇਹ ਪਿੰਡ ਨਕੋਦਰ, ਕਪੂਰਥਲਾ ਸੜਕ ਤੇ ਹੈ। ਗੁਰੂ ਸਾਹਿਬ ਜੀ ਦੇ ਅਨਿਨ ਸੇਵਕ ਤੇ ਮੁੱਖ ਸੇਵਾਦਾਰ ਭਾਈ ਜੋਧਾ ਜੀ ਦੇ ਆਦੀ ਕੁਲਾਰ ਸੌਹਰੇ ਸਨ। ਭਾਈ ਜੋਧਾ ਜੀ ਬਾਰੇ ਭਾਈ ਗੁਰਦਾਸ ਜੀ ਨੇ ਵੀ ਲਿਖਿਆ ਹੈ:

"ਢੇਸੀ ਜੋਧਾ ਸੰਗ ਹੈ, ਗੁਰੂ ਹਸਿ ਮਿਲੰਦਾ।"

ਜੋਧਾ ਜੀ ਬਾਅਦ ਵਿਚ ਬਾਬਾ ਸੰਗ ਨਾਮ ਨਾਲ ਮਸ਼ਹੂਰ ਹੋਏ। ਉਨ੍ਹਾਂ ਦਾ ਸੌਹਰਾ ਘਰ ਵੀ ਗੁਰੂ ਘਰ ਦਾ ਸ਼ਰਧਾਲੂ ਸੀ। ਉਨ੍ਹਾਂ ਸਤਿਗੁਰੂ ਨੂੰ ਪੜ੍ਹਾਅ ਕਰਨ ਲਈ ਕਿਹਾ। ਮੇਰੇ ਸਤਿਗੁਰੂ ਸੰਗਤ ਦੀ ਗੱਲ ਮੋੜ ਹੀ ਨਹੀਂ ਸਕਦੇ ਸਨ। 15 ਹਾੜ 29 ਜੂਨ ਨੂੰ ਗੁਰੂ ਜੀ ਨੇ ਜੰਞ ਸਮੇਤ ਆਦੀ ਕੁਲਾਰ ਬਿਸਰਾਮ ਕੀਤਾ। 30 ਜੂਨ 16 ਹਾੜ ਨੂੰ ਪਿੰਡ ਮਾਲੜੀ ਪਹੁੰਚੇ। ਇਹ ਪਿੰਡ ਨਕੋਦਰ ਤੋਂ ਕੁੱਝ ਦੂਰੀ ਤੇ ਹੈ। ਇੱਥੇ ਬਾਬਾ ਮੱਲ ਜੀ ਗਠੀਏ ਦੇ ਰੋਗ ਨਾਲ ਦੁਖੀ ਸਨ ਅਤੇ ਪਿੱਪਲ ਹੇਠ ਬੈਠ ਕੇ ਜੋੜੇ ਸਿਉਂਦੇ ਸਨ। ਉਨ੍ਹਾਂ ਸਤਿਗੁਰੂ ਨੂੰ ਜੋੜਾ ਕੀਤਾ। ਸਤਿਗੁਰੂ ਪੰਚਮ ਪਾਤਸ਼ਾਹ ਨੇ ਵਰਦਾਨ ਦਿੱਤਾ ਕਿ ਜੋ ਵੀ ਤੇਰੇ ਡੇਰੇ ਉੱਪਰ ਚੱਲਕੇ ਆਵੇਗਾ, ਉਹ ਨਿਰੋਗ ਹੋ ਜਾਵੇਗਾ। 1 ਜੁਲਾਈ 17 ਹਾੜ ਨੂੰ ਗੁਰੂ ਸਾਹਿਬ ਭੰਗਾਲੇ ਪਹੁੰਚੇ। ਦੁਪਹਿਰ ਦੀ ਗਰਮੀ ਹੋਣ ਕਾਰਨ ਗੁਰੂ ਸਾਹਿਬ ਨੇ ਇੱਥੇ ਜੰਞ ਸਮੇਤ ਆਰਾਮ ਕੀਤਾ। ਸ਼ਾਮ ਨੂੰ ਨੂਰਮਹਿਲ ਪਹੁੰਚ ਕੇ ਸਾਹਿਬ ਤੇਲੀ ਨਾਂ ਦੇ ਫਕੀਰ ਨਾਲ ਬਚਨ ਬਿਲਾਸ ਕੀਤਾ ਅਤੇ ਚੱਲ ਪਏ। ਗੁਮਟਾਲੀ ਪਹੁੰਚ ਕੇ ਗੁਰੂ ਸਾਹਿਬ ਨੂੰ ਪੜ੍ਹਾਅ ਕਰਨ ਲਈ ਪੁੱਛਣਾ ਪਿਆ। ਗੁਮਟਾਲੀ ਵਾਲਿਆਂ ਨੇ ਸਾਧੂ ਸੰਤ ਵੇਖਕੇ ਟਰਕਾ ਦਿੱਤਾ ਅਤੇ ਮਜ਼ਾਕ ਕੀਤਾ ਕਿ ਤੁਹਾਡੇ ਰਹਿਣ ਲਈ ਅਗਾਂਹ ਬਹੁਤ ਵੱਡਾ ਸ਼ਹਿਰ ਹੈ। ਗੁਰੂ ਜੀ ਨੇ ਕਿਹਾ ਚੰਗਾ ਭਾਈ ਵੱਡੇ ਸ਼ਹਿਰ ਚਲੇ ਜਾਂਦੇ ਹਾਂ।

ਰਸਤੇ ਵਿੱਚ ਬਾਬਾ ਰਹਿਮਤ ਸ਼ਾਹ ਮੁਸਲਿਮ ਫਕੀਰ ਨੂੰ ਨਿਹਾਲ ਕੀਤਾ ਅਤੇ ਬਿਲਗੇ ਪੁੱਜ ਗਏ। ਉਸ ਵੇਲੇ ਬਿਲਗਾ ਸੱਤਾਂ ਕੁੱਲੀਆਂ ਦਾ ਛੋਟਾ ਜਿਹਾ ਪਿੰਡ ਸੀ। ਫੁੱਲ ਅਤੇ ਭਿਖੀ ਦੀ ਔਲਾਦ ਨੇ ਗੁਰੂ ਜੀ ਨੂੰ ਮਾਣ ਨਾਲ ਨਿਵਾਜਿਆ। ਗੁਰੂ ਜੀ ਉਨ੍ਹਾਂ ਦੇ ਪ੍ਰੇਮ ਸਤਿਕਾਰ ਸੁਭਾਵ ਨੂੰ ਦੇਖਕੇ ਬਹੁਤ ਪ੍ਰਸੰਨ ਹੋਏ।

ਬਾਬਾ ਬੁੱਢਾ ਜੀ ਉਸ ਵਕਤ ਸਭ ਨਾਲੋਂ ਵਿਰਧ ਸਨ ਅਤੇ ਬ੍ਰਹਮ ਗਿਆਨੀ ਵੀ ਸਨ। ਬਾਬਾ ਜੀ ਦਾ ਲਿਬਾਸ ਦੇਖਕੇ ਅਣਜਾਣ ਬੰਦੇ ਉਨ੍ਹਾਂ ਨੂੰ ਹੀ ਗੁਰੂ ਸਮਝ ਲੈਂਦੇ ਸਨ। ਬਿਲਗੇ ਦੀ ਸੰਗਤ ਨੇ ਅਣਜਾਣੇ ਵਿੱਚ ਬਾਬਾ ਬੁੱਢਾ ਜੀ ਨੂੰ ਹੀ ਗੁਰੂ ਸਮਝ ਲਿਆ ਅਤੇ ਆਪਣੀ ਦਰਦ ਕਹਾਣੀ ਸੁਣਾਈ। ਉਂਞ ਸਤਿਗੁਰਾਂ ਦੀ ਜੰਞ ਵਿੱਚ ਦੋਵੇਂ ਵੱਡੇ ਭਰਾ ਪ੍ਰਿਥੀ ਚੰਦ ਅਤੇ ਮਹਾਂਦੇਵ ਜੀ, ਵਿਦਵਾਨ ਭਾਈ ਗੁਰਦਾਸ ਜੀ, ਬਾਬਾ ਸੰਗ ਜੀ, ਭਈ ਲੁਬਾਣਾ, ਭਾਈ ਮੰਝ, ਪੰਡਤ ਗੰਗਾ ਰਾਮ, ਭਾਈ ਸ਼ੇਖ ਮੁਹੰਮਦ ਮੀਰ ਸ਼ਾਹ ਵੀ ਨਾਲ ਸਨ। ਗੁਰੂ ਜੀ ਦੀ ਬਾਰਾਤ ਅਧਿਐਨ ਕਰਨ ਤੋਂ ਬਾਅਦ ਹਰ ਆਦਮੀ ਸੁਤੇ ਸਿਧ ਆਖ ਦੇਵੇਗਾ ਕਿ ਇਹ ਤਾਂ ਧਰਮ ਨਿਰਲੇਪਤਾ ਦੀ ਮੂੰਹ ਬੋਲਦੀ ਤਸਵੀਰ ਹੈ। ਬਾਣੀ ਵਿੱਚ ਵੀ ਸੰਕੇਤ ਹੈ:

" ਨਾ ਕੋ ਵੈਰੀ ਨਹੀ ਬੇਗਾਨਾ, ਸਗਲ ਸੰਗਿ ਹਮਕੋ ਬਨਿ ਆਈ।"

ਗੁਰੂ ਸਾਹਬਿ ਨੇ ਬਿਲਗੇ ਦੀ ਧਰਤੀ ਨੂੰ ਭਾਗ ਲਾਉਣ ਲਈ ਪੜਾਅ ਕੀਤਾ। ਸ਼ਾਮ ਦਾ ਸਮਾਂ ਸੀ, ਸਮੇਂ ਅਨੁਸਾਰ ਕੀਰਤਨ ਹੋਇਆ। ਬਾਣੀ ਦਾ ਜਾਪ ਹੋਇਆ। ਸੰਗਤਾਂ ਨੇ ਬਾਬਾ ਬੁੱਢਾ ਜੀ ਕੋਲ ਆਕੇ ਅਰਜ਼ ਕੀਤੀ। ਬਾਬਾ ਜੀ ਨੇ ਬਿਲਗੇ ਦੀ ਸੰਗਤ ਦਾ ਦੁੱਖ ਪੁੱਛਿਆ। ਸੰਗਤਾਂ ਨੇ ਸਾਰਾ ਹਾਲ ਬਿਰਤਾਂਤਿਕ ਢੰਗ ਨਾਲ ਕਹਿ ਸੁਣਾਇਆ। ਪਿੰਡ ਦਾ ਵਾਧਾ ਨਾ ਹੋਣ ਦੀ ਤਕਲੀਫ ਦੱਸੀ। ਬਾਬਾ ਬੁੱਢਾ ਜੀ ਨੂੰ ਸਮਝ ਆਈ ਤੇ ਉਨ੍ਹਾਂ ਅਸਲੀ ਗੁਰੂ ਦੀ ਪਹਿਚਾਣ ਕਰਵਾਈ। ਉਨਾਂ ਸੰਗਤਾਂ ਨੂੰ ਸਤਿਗੁਰਾਂ ਅੱਗੇ ਫਰਿਆਦ ਕਰਨ ਲਈ ਆਖਿਆ ਅਤੇ ਕਿਹਾ ਕਿ ਗੁਰੂ ਅਰਜਨ ਦੇਵ ਜੀ ਹੀ ਇਸ ਮੁਸ਼ਕਲ ਨੂੰ ਟਾਲ ਸਕਦੇ ਹਨ। ਸੰਗਤਾਂ ਨੇ ਗੁਰੂ ਸਾਹਿਬ ਦੇ ਅੱਗੇ ਜੋਦੜੀ ਕੀਤੀ। ਗੁਰੂ ਸਾਹਿਬ ਨੇ ਮਧੁਰ ਆਵਾਜ਼ ਵਿੱਚ ਸਾਧ ਸੰਗਤ ਨੂੰ ਇਸ ਸਮੱਸਿਆ ਬਾਰੇ ਦਸਿਆ, ਅਤੇ ਸਮਝਾਇਆ ਕਿ ਕਿਸੇ ਸਾਧੂ ਸੰਤ ਦਾ ਵਾਕ ਹੋ ਚੁੱਕਾ ਹੈ, ਜਿਸ ਦੇ ਕਾਰਨ ਇਹ ਅੱਗ ਲੱਗਦੀ ਹੈ। ਕਿਉਂਕਿ ਮਹਾਂ ਪੁਰਖਾਂ ਦੇ ਵਾਕ ਬਿਰਥਾ ਨਹੀਂ ਜਾਂਦੇ। ਗੁਰੂ ਸਾਹਿਬ ਨੇ ਸੰਗਤ ਨੂੰ ਦੱਸਿਆ ਕਿ ਪ੍ਰਮਾਤਮਾ ਹਰ ਜੀਵ ਵਿਚ ਵਸਦਾ ਹੈ। ਉਸ ਦਾ ਸਿਮਰਣ ਕਰੋ। ਉਹ ਸਭ ਦੁੱਖ ਕੱਟ ਦਿੰਦਾ ਹੈ। ਗੁਰੂ ਸਾਹਿਬ ਨੇ ਸੰਗਤ ਦੀ ਅਪਾਰ ਸ਼ਰਧਾ ਵੇਖ ਕੇ ਬਿਲਗੇ ਨੂੰ ਵਰ ਦਿੱਤਾ ਕਿ ਹੌਲੀ-ਹੌਲੀ ਇਹ ਸ਼ਰਾਫ ਵੀ ਟੱਲ ਜਾਵੇਗਾ ਅਤੇ ਇਹ ਪਿੰਡ ਇੱਕ ਦਿਨ ਸੱਤ ਕੁਲੀਆਂ ਤੋਂ ਸੱਤ ਪੱਤੀਆਂ ਤੱਕ ਤਰੱਕੀ ਕਰੇਗਾ। ਮੇਰੇ ਸਤਿਗੁਰੂ ਦੇ ਬਚਨ ਪੂਰੇ ਹੋਏ ਅਤੇ ਅੱਜ ਬਿਲਗੇ ਦੀਆਂ ਸੱਤ ਪੱਤੀਆਂ ਹਨ।

ਉਪਰੋਕਤ ਕਥਾ 18 ਹਾੜ 2 ਜੁਲਾਈ ਦੀ ਦੱਸੀ ਜਾਂਦੀ ਹੈ। ਗੁਰੂ ਸਾਹਿਬ ਨੇ ਜਦੋਂ ਤਿਆਰੀ ਆਰੰਭੀ ਤਾਂ ਸੰਗਤ ਨੇ ਬੇਨਤੀ ਕੀਤੀ ਕਿ ਹੇ ਸਤਿਗੁਰੂ ਜੰਞ ਦਾ ਢੁਕਾਓ ਤਾਂ 21 ਹਾੜ ਦਾ ਹੈ। ਜੇ ਸਾਡੇ ਉੱਪਰ ਕ੍ਰਿਪਾ ਕਰਕੇ ਸਾਨੂੰ ਸੇਵਾ ਦਾ ਮੌਕਾ

ਦਿਉ। ਗੁਰੂ ਜੀ ਸੰਗਤ ਦੀ ਗੱਲ ਕਿਵੇਂ ਪੂਰੀ ਨਾ ਕਰਦੇ। ਜਦੋਂ ਉਹ ਪ੍ਰਸੰਨ ਹੋਏ ਤਾਂ ਉਨ੍ਹਾਂ ਨੇ 2,3 ਅਤੇ 4 ਜੁਲਾਈ ਅਨੁਸਾਰ 18,19 ਅਤੇ 20 ਹਾੜ ਨੂੰ ਬਿਲਗੇ ਵਿਚ ਹੀ ਆਰਾਮ ਕੀਤਾ। ਬਿਲਗਾ ਨਿਵਾਸੀਆਂ ਨੇ ਗੁਰੂ ਜੀ ਦੇ ਦਰਸ਼ਨ ਵੀ ਕੀਤੇ ਅਤੇ ਬਰਾਤ ਸਮੇਤ ਸੇਵਾ ਵੀ ਕੀਤੀ। 5 ਜੁਲਾਈ (21 ਹਾੜ) ਨੂੰ ਸਤਿਗੁਰੂ ਮਾਓ ਸਾਹਿਬ ਜਾਣ ਲਈ ਤਿਆਰ ਹੋਏ ਤੇ ਬਾਬਾ ਸੰਗ ਜੀ ਸਤਿਗੁਰਾਂ ਦਾ ਘੋੜਾ ਫੜਕੇ ਖੜੋਤੇ ਸਨ ਅਤੇ ਬਾਕੀ ਜੰਞ ਤਿਆਰ ਸੀ।

ਗੁਰੂ ਸਾਹਿਬ ਬਿਲਗੇ ਦੀ ਸੰਗਤ ਦੀ ਸੇਵਾ ਤੋਂ ਬਹੁਤ ਖੁਸ਼ ਹੋਏ ਅਤੇ ਖੁਸ਼ੀ ਵਿੱਚ ਗੁਰੂ ਜੀ ਨੇ ਆਪਣੇ ਪਵਿੱਤਰ ਬਸਤਰ ਜਿਨ੍ਹਾਂ ਵਿੱਚ ਚੋਲਾ, ਚੂੜੀਦਾਰ ਪਜਾਮਾ, ਹਜ਼ੂਰੀਆ, ਦੁਸ਼ਾਲਾ, ਰੁਮਾਲ, ਸੇਲੀ, ਹੱਥ ਸਿਮਰਨਾ, ਅਤੇ ਇਸ਼ਨਾਨ ਕਰਨ ਵਾਲੀ ਚੰਦਨ ਦੀ ਚੌਂਕੀ ਆਦਿ ਅਮੁੱਲੇ ਵਸਤਰ ਬਿਲਗੇ ਦੀ ਸਾਧ ਸੰਗਤ ਨੂੰ ਭੇਂਟਾ ਕੀਤੇ। ਮੇਰੇ ਗੁਰਦੇਵ ਜੀ ਦੇ ਪਵਿੱਤਰ ਬਸਤਰ ਬਹੁਤ ਹੀ ਸੋਹਣੇ ਢੰਗ ਨਾਲ ਗੁਰਦੁਆਰਾ ਸਾਹਿਬ ਵਿੱਚ ਸੰਭਾਲ ਕੇ ਰੱਖੇ ਹੋਏ ਹਨ। ਸੰਗਤਾਂ ਹਰ ਰੋਜ਼ ਖੁੱਲੇ ਦਰਸ਼ਨ ਦੀਦਾਰੇ ਕਰਕੇ ਆਪਣਾ ਜੀਵਨ ਸਫਲ ਬਣਾਉਂਦੀਆਂ ਹਨ। ਇਨ੍ਹਾਂ ਬਸਤਰਾਂ ਦੇ ਦਰਸ਼ਨ ਕਰਨ ਲਈ ਦੇਸ਼ਾਂ ਵਿਦੇਸ਼ਾਂ ਤੋਂ ਸੰਗਤ ਆਉਂਦੀ ਹੈ।

ਗੁਰਦੁਆਰਾ ਸਾਹਿਬ ਜੀ ਦੀ ਇਮਾਰਤ ਬਹੁਤ ਹੀ ਸੁੰਦਰ ਬਣੀ ਹੋਈ ਹੈ। ਇਸ ਸਮੇਂ ਗੁਰਦੁਵਾਰਾ ਸਾਹਿਬ ਦੀ ਸੇਵਾ ਸੰਭਾਲ ਲੋਕਲ ਗੁ:ਪ੍ਰਬੰਧਕ ਕਮੇਟੀ ਬਹੇਤ ਹੀ ਸੁਚੱਜੇ ਢੰਗ ਨਾਲ ਕਰ ਰਹੀ ਹੈ।

ਜਾਰੀ ਕਰਤਾ:-

ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ, ਬਿਲਗਾ (ਜਲੰਧਰ)
ਟੈਲੀਫੋਨ ਨੰਬਰ : 0091-1826-24 55 55

ਲੇਖਕ : ਗਿਆਨੀ ਮਨੋਹਰ ਸਿੰਘ, ਹੈੱਡ ਗ੍ਰੰਥੀ, ਗੁਰਦੁਆਰਾ ਸ਼੍ਰੀ ਗੁਰੂ ਅਰਜਨ ਦੇਵ ਜੀ ਬਿਲਗਾ।

www.BILGA.com